ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ,
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸੌਫਟ ਬਿਲਡਿੰਗ)
ਫੇਜ਼ 3ਬੀ 1, ਐਸ.ਏ.ਐਸ.ਨਗਰ।

# ਪਬਲਿਕ ਨੋਟਿਸ

ਸਿੱਖਿਆ ਵਿਭਾਗ, ਪੰਜਾਬ ਵਲੋਂ 5178 ਪੇਂਡੂ ਸਹਿਯੋਗੀ ਅਧਿਆਪਕਾਂ ਦੀ ਠੇਕੇ ਤੇ ਨਿਯੁਕਤੀ ਕਰਨ ਲਈ ਭਰਤੀ, ਜਿਨ੍ਹਾਂ ਵਿਚ ਮਾਸਟਰ ਕਾਡਰ ਦੇ ਹੇਠ ਲਿਖੇ ਵਿਸ਼ਿਆਂ ਦੀਆਂ 5078 ਅਸਾਮੀਆਂ ਵੀ ਸ਼ਾਮਿਲ ਸਨ, ਸਬੰਧੀ ਮਿਤੀ 9-9-2012 ਨੂੰ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ, ਇਨ੍ਹਾਂ ਅਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਅਤੇ ਸ਼ਰਤਾਂ ਬਿਨੈ ਕਰਨ ਦੀ ਅੰਤਿਮ ਮਿਤੀ ਤੱਕ ਪੂਰੀਆਂ ਕਰਨ ਵਾਲੇ ਯੋਗ ਅਤੇ ਪਾਤਰ ਉਮੀਦਵਾਰਾਂ ਪਾਸੋਂ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ, ਅਜਿਹੀ ਅਰਜ਼ੀਆਂ ਰਜਿਸਟਰਡ ਡਾਕ/ਸਪੀਡ ਪੋਸਟ ਰਾਂਹੀ ਚੇਅਰਮੈਨ, ਭਰਤੀ ਸੈਲ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ,ਐਸ.ਸੀ.ਓ. ਨੰ: 130-31, ਸੈਕਟਰ 34-ਏ, ਚੰਡੀਗੜ੍ਹ ਵਿਖੇ ਮਿਤੀ 8-10-2012 ਨੂੰ ਸ਼ਾਮ 5.00 ਵਜੇ ਤੱਕ ਪੁੱਜ ਜਾਣੀਆਂ ਲੜੀਂਦੀਆਂ ਸਨ :-

| ਵਿਸ਼ਾ: | ਪ੍ਰਕਾਸ਼ਿਤ ਅਸਾਮੀਆਂ ਦੀ ਗਿਣਤੀ | ਵਿਸ਼ਾ: | ਪ੍ਰਕਾਸ਼ਿਤ ਅਸਾਮੀਆਂ ਦੀ ਗਿਣਤੀ |
|---|---|---|---|
| ਹਿਸਾਬ | 812 | ਖੇਤੀਬਾੜੀ | 9 |
| ਸਾਇੰਸ | 1313 | ਸੰਸਕ੍ਰਿਤ | 66 |
| ਪੰਜਾਬੀ | 443 | ਹੋਮ ਸਾਇੰਸ | 18 |
| ਸਮਾਜਿਕ ਸਿੱਖਿਆ | 1573 | ਅੰਗਰੇਜ਼ੀ | 714 |
| ਡੀ.ਪੀ.ਈ. | 130 | | |

ਉਕਤ ਅਸਾਮੀਆਂ (ਸਿਵਾਏ ਡੀ.ਪੀ.ਈ., ਹੋਮ ਸਾਇੰਸ ਅਤੇ ਆਰਟ ਕਰਾਫਟ ) ਲਈ ਵਿਦਿਅਕ ਯੋਗਤਾਵਾਂ ਤੋਂ ਇਲਾਵਾ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਟੀ.ਈ.ਟੀ. ਟੈਸਟ ਪਾਸ ਕੀਤਾ ਹੋਣਾ ਲਾਜ਼ਮੀ ਸੀ, ਇਨ੍ਹਾਂ ਅਸਾਮੀਆਂ ਲਈ ਪ੍ਰਾਪਤ ਬਿਨੈਪੱਤਰਾਂ ਦੇ ਅਧਾਰ ਤੇ ਉਮੀਦਵਾਰਾਂ ਦੇ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ, ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

ਉਕਤ ਅਸਾਮੀਆਂ ਲਈ ਅਪਲਾਈ ਕਰਨ ਦੀ ਨਿਰਧਾਰਤ ਅੰਤਿਮ ਮਿਤੀ ਤੱਕ ਦੇ ਉਮੀਦਵਾਰਾਂ ਵਿਚੋਂ ਕੁਝ ਉਮੀਦਵਾਰ ਸਾਲ 2011 ਵਿਚ ਸਰਕਾਰ ਵਲੋਂ ਲਏ ਗਏ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦੇ ਟੈਸਟ ਵਿਚੋਂ ਪ੍ਰਾਪਤ, ਘੱਟ ਨੰਬਰਾਂ ਕਾਰਨ "Qualify " ਨਹੀਂ ਕਰ ਸਕੇ ਸਨ, ਅਜਿਹੇ ਕੁਝ ਉਮੀਦਵਾਰਾਂ ਵਲੋਂ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦੇ ਕੁਝ ਪ੍ਰਸ਼ਨਾਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨਜ਼ ਦਾਇਰ ਕਰਕੇ " Challenge " ਕੀਤਾ ਗਿਆ ਸੀ। ਮਾਨਯੋਗ ਹਾਈਕੋਰਟ ਵਲੋਂ ਇਨ੍ਹਾਂ ਰਿੱਟ ਪਟੀਸ਼ਨਜ਼ ਦਾ ਨਿਪਟਾਰਾ ਕਰਦੇ ਹੋਏ, ਸਾਲ 2011 ਦੇ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-II ਦੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਨੂੰ ਠੀਕ ਮੰਨਦੇ ਹੋਏ ਨਤੀਜਾ ਰੀਵਾਈਜ਼ ਕਰਨ ਦੀ ਹਦਾਇਤ ਕੀਤੀ ਸੀ। ਇਨ੍ਹਾਂ ਰਿੱਟ ਪਟੀਸ਼ਨਜ਼ ਵਿਚ ਹੋਏ ਫੈਸਲਿਆਂ ਦੀ ਪਾਲਣਾ ਵਿਚ ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ ਵਲੋਂ ਮਿਤੀ 24-10-2017 ਨੂੰ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ- II ਦਾ ਨਤੀਜਾ ਰੀਵਾਈਜ਼ ਕਰਕੇ ਘੋਸ਼ਿਤ ਕੀਤਾ ਗਿਆ ਸੀ।

ਅਜਿਹੇ ਉਮੀਦਵਾਰ ਜਿਹੜੇ ਹਿਸਾਬ, ਸਾਇੰਸ,ਪੰਜਾਬੀ, ਸਮਾਜਿਕ ਸਿੱਖਿਆ, ਖੇਤੀਬਾੜੀ, ਸੰਸਕ੍ਰਿਤ, ਅੰਗਰੇਜ਼ੀ ਵਿਸ਼ਿਆਂ ਵਿਚੋਂ ਕਿਸੇ ਵੀ ਅਸਾਮੀ ਲਈ , ਨਿਰਧਾਰਤ ਅੰਤਿਮ ਮਿਤੀ 9-9-2012 ਤੱਕ ਅਪਲਾਈ ਨਹੀ ਕਰ ਸਕੇ ਸਨ ਅਤੇ ਜਿਹੜੇ ਉਮੀਦਵਾਰਾਂ ਨੇ ਸਾਲ 2011 ਵਿੱਚ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-II ਦਿੱਤਾ ਸੀ ਅਤੇ ਸਾਲ 2017 ਵਿੱਚ ਨਤੀਜਾ ਰੀਵਾਈਜ਼ ਹੋਣ ਉਪਰੰਤ ਉਹ ਫੇਲ੍ਹ ਤੋਂ ਪਾਸ ਹੋਏ ਹਨ, ਉਹ ਉਮੀਦਵਾਰ **ਮਿਤੀ 12-10-18 (ਸ਼ਾਮ 5 ਵਜੇ ਤੱਕ )** ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਦਿੱਤੇ ਲਿੰਕ ਤੇ ਆਪਣਾ ਡੇਟਾ ਅਪਲੋਡ ਕਰਨ।

24/9/18

ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।

ਪੱਤਰ ਨੰ: 1/89-2018 ਭ.ਡ.(1)
ਮਿਤੀ, ਐਸ.ਏ.ਐਸ.ਨਗਰ 26-9-18

Scanned by CamScanner